Downloaded From: http://www.dhyeyaias.com

CS (MAIN) Exam : 2017

STH–C–PNJB

# ਪੰਜਾਬੀ

( ਲਜ਼ਮੀ )

ਨਿਰਧਾਰਿਤ ਸਮਾਂ : ਤਿੰਨ ਘੰਟੇ

ਕੁੱਲ ਅੰਕ : 300

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

**ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :**

ਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

ਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ।

ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ **ਪੰਜਾਬੀ (ਗੁਰਮੁਖੀ)** ਵਿੱਚ ਹੀ ਲਿਖੋ।

ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ ਤਾਂ ਉਸਦਾ ਪਾਲਨ ਕਰੋ। ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ ਂ ਅੰਕ ਕੱਟੇ ਜਾ ਸਕਦੇ ਹਨ।

ੱਤਰ-ਕਾਪੀ ਦੇ ਖਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ।

# PUNJABI

**( Compulsory )**

ime Allowed : Three Hours

Maximum Marks : 300

## QUESTION PAPER SPECIFIC INSTRUCTIONS

**Please read each of the following instructions carefully before attempting questions**

ll questions are to be attempted.

he number of marks carried by a question/part is indicated against it.

nswers must be written in PUNJABI (Gurumukhi script) unless otherwise directed in the uestion.

Vord limit in questions, wherever specified, should be adhered to and if answered in nuch longer or shorter than the prescribed length, marks may be deducted.

ny page or portion of the page left blank in the Question-cum-Answer Booklet must be learly struck off.



Downloaded From: http://www.dhyeyaias.com

Downloaded From: http://www.dhyeyaias.com

**1.** ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਬਾਰੇ *600* ਸ਼ਬਦਾਂ ਦਾ ਨਿਬੰਧ ਲਿਖੋ : 100

*(a)* ਤਕਨੀਕ ਦੀ ਲੋੜੋਂ ਵੱਧ ਪ੍ਰਯੋਗ ਨਾਲ ਉਤਪੰਨ ਹੋਣ ਵਾਲੇ ਖ਼ਤਰੇ।

*(b)* ਧਰਮ-ਨਿਰਪੱਖਤਾ, ਲੋਕਤੰਤਰ ਦੀ ਸ਼ਕਤੀ ਹੈ।

*(c)* ਨੋਟਬੰਦੀ ਨਾਲ, ਭਾਰਤੀ ਅਰਥ-ਵਿਵੱਸਥਾ ਨੂੰ ਲੰਮੇ-ਸਮੇਂ ਵਿਚ ਹੋਣ ਵਾਲੇ ਸੰਭਾਵੀ ਲਾਭ।

*(d)* ਪੱਛਮੀ ਦੇਸ਼ਾਂ ਦਾ, ਆਯੁਰਵੇਦ ਪੱਧਤੀ ਵੱਲ ਆਕਰਸ਼ਣ।

**2.** ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਪੱਸ਼ਟ ਅਤੇ ਸਹੀ ਉੱਤਰ ਲਿਖੋ : 12×5=60

ਮਨ ਦੀ ਸਭ ਤੋਂ ਉੱਤਮ ਖ਼ੁਰਾਕ, ਪੁਸਤਕਾਂ ਹਨ। ਇਕ ਵਿਚਾਰਕ ਦਾ ਕਥਨ ਹੈ ਕਿ ਮਾਨਵ-ਜਾਤੀ ਨੇ ਜੋ ਕੁੱਝ ਸੋਚਿਆ, ਕੀਤਾ ਤੇ ਪਾਇਆ ਹੈ, ਉਹ ਪੁਸਤਕਾਂ ਵਿਚ ਸੁੱਰਖਿਅਤ ਹੈ। ਮਾਨਵ-ਸਭਿੱਅਤਾ ਅਤੇ ਸਭਿਆਚਾਰ ਦੇ ਵਿਕਾਸ ਦਾ ਪੂਰਾ ਸਿਹਰਾ, ਪੁਸਤਕਾਂ ਨੂੰ ਹੀ ਜਾਂਦਾ ਹੈ। ਪੁਸਤਕਾਂ ਦਾ ਮਹੱਤਵ ਤੇ ਮੁੱਲ ਬੇਜੋੜ ਹੈ। ਪੁਸਤਕਾਂ ਅੰਤਰਕਰਨ ਨੂੰ ਪ੍ਰਜਵਲਿਤ ਕਰਦੀਆਂ ਹਨ। ਚੰਗੀਆਂ ਪੁਸਤਕਾਂ, ਪਸ਼ੂ ਤੋਂ ਦਿੱਬਤਾ ਦੀ ਤਰਫ਼ ਲੈ ਜਾਂਦੀਆਂ ਹਨ। ਮਨੁੱਖ ਦੀਆਂ ਸਾਤਵਿਕ ਪ੍ਰਵਿਰਤੀਆਂ ਨੂੰ ਜਾਗ੍ਰਿਤ ਕਰਕੇ, ਉਸ ਨੂੰ ਕੁਰਾਹੇ ਪੈਣ ਤੋਂ ਬਚਾਉਂਦੀਆਂ ਹਨ ਅਤੇ ਮਨੁੱਖ, ਸਮਾਜ ਤੇ ਰਾਸ਼ਟਰ ਦਾ ਮਾਰਗ-ਦਰਸ਼ਨ ਕਰਦੀਆਂ ਹਨ। ਪੁਸਤਕਾਂ, ਸਾਨੂੰ ਪ੍ਰੇਰਿਤ ਕਰਦੀਆਂ ਹਨ ਅਤੇ ਸਾਡੇ ਮਨ-ਮਸਤਕ ਉਪਰ ਸਦੀਵੀ ਪ੍ਰਭਾਵ ਛੱਡਦੀਆਂ ਹਨ। ਮਨੋਰੰਜਨ ਦੇ ਖੇਤਰ ਵਿਚ ਵੀ ਪੁਸਤਕਾਂ, ਮਨੁੱਖ ਦੀ ਸੇਵਾ ਕਰਦੀਆਂ ਹਨ। ਇੱਥੇ ਮਨੋਰੰਜਨ ਦਾ ਅਰਥ, ਸਿਰਫ਼ ਹਾਸ-ਵਿਲਾਸ ਤੋਂ ਨਹੀਂ, ਸਗੋਂ ਮਨੋਰੰਜਨ ਦਾ ਅਰਥ ਡੂੰਘਾਂ ਹੈ। ਜਿਹੜੀਆਂ ਪੁਸਤਕਾਂ, ਪਾਠਕਾਂ ਨੂੰ ਡੂੰਘਾਈ ਤੋਂ ਛੂਹ ਲੈਂਦੀਆਂ ਹਨ ਅਤੇ ਉਨ੍ਹਾਂ ਦੇ ਮਨ-ਮਸਤਕ ਨੂੰ ਇਕਾਗਰ ਕਰ ਦੇਂਦੀਆਂ ਹਨ, ਸੱਚੇ ਅਰਥਾਂ ਵਿਚ ਉਹ, ਆਨੰਦਦਾਇਕ ਪੁਸਤਕਾਂ ਹਨ। ਇਉਂ, ਹਲਕਾ-ਫੁਲਕਾ ਸਾਹਿਤ, ਕੋਈ ਘੱਟ ਮਹੱਤਵਪੂਰਨ ਨਹੀਂ ਹੁੰਦਾ। ਇਸ ਤਰ੍ਹਾਂ ਦਾ ਸਾਹਿਤ, ਮਨੁੱਖ ਦੇ ਤਣਾਵਾਂ ਨੂੰ, ਇਕ ਵੱਡੀ ਸੀਮਾ ਤੱਕ, ਘੱਟ ਕਰ ਦੇਂਦਾ ਹੈ ਅਤੇ ਉਸ ਦੇ ਮੁਰਝਾਏ ਹੋਏ ਮਨ ਅੰਦਰ, ਖੇੜਾ ਪੈਦਾ ਕਰ ਦੇਂਦਾ ਹੈ।

ਚੰਗੀਆਂ ਪੁਸਤਕਾਂ, ਮਨੁੱਖਾਂ ਨੂੰ ਗਿਆਨ ਅਤੇ ਮਨੋਰੰਜਨ ਪ੍ਰਦਾਨ ਕਰਦੀਆਂ ਹਨ। ਵਿਗਿਆਨ, ਵਣਜ-ਵਪਾਰ, ਕਲਾ ਅਤੇ ਕਾਨੂੰਨ ਨਾਲ ਸੰਬੰਧਤ ਪੁਸਤਕਾਂ, ਮਨੁੱਖ ਦੇ ਗਿਆਨ ਵਿਚ ਵਾਧਾ ਕਰਦੀਆਂ ਹਨ। ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ, ਮਨੁੱਖ ਆਪਣੇ ਅੰਦਰ, ਅੰਤਰੀਣ-ਸ਼ਕਤੀ ਦਾ ਅਨੁਭਵ ਕਰਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਪੁਸਤਕਾਂ ਸਾਡੇ ਲਈ ਸਹੀ ਰਾਹ-ਦਸੇਰਾ ਹਨ। ਉਹ ਸਾਨੂੰ ਸਿਰਫ਼ ਨਵੇਂ ਨਵੇਂ ਖੇਤਰਾਂ ਦਾ ਗਿਆਨ ਅਤੇ ਰਹੱਸਾਂ ਦੇ ਅੰਦਰ ਝਾਕਣ ਹੀ ਨਹੀਂ ਦੇਂਦੀਆਂ ਸਗੋਂ ਸਾਨੂੰ ਚਿੰਤਨ-ਮਨਨ ਕਰਨ ਲਈ ਪ੍ਰੇਰਿਤ ਵੀ ਕਰਦੀਆਂ ਹਨ। ਪੁਸਤਕਾਂ ਸਾਨੂੰ ਦੁਬਿਧਾਵਾਂ ਤੋਂ ਮੁਕਤ ਕਰਦੀਆਂ ਹਨ ਅਤੇ ਸਾਨੂੰ ਸ਼ਕਤੀਸ਼ਾਲੀ ਬਣਾਉਂਦੀਆਂ ਹਨ। ਗਾਂਧੀ ਜੀ 'ਗੀਤਾ' ਨੂੰ ਮਾਂ ਦਾ ਦਰਜਾ ਦੇਂਦੇ ਸਨ, ਕਿਉਂਕਿ, ਹਰੇਕ ਮੁਸ਼ਕਿਲ ਸਥਿਤੀ ਵਿਚ, ਉਹ ਉਨ੍ਹਾਂ ਦਾ ਮਾਰਗ-ਦਰਸ਼ਕ ਕਰਦੀ ਆ ਰਹੀ ਸੀ। ਪੁਸਤਕਾਂ, ਅਜਿਹੀਆਂ ਮਾਰਗ-ਦਰਸ਼ਕ ਹਨ ਜੋ ਨਾ ਤਾਂ ਸਜ਼ਾ ਦੇਂਦੀਆਂ ਹਨ, ਨਾ ਹੀ ਗੁੱਸਾ ਕਰਦੀਆਂ ਹਨ ਅਤੇ ਨਾ ਹੀ ਬਦਲੇ 'ਚ ਕੁੱਝ ਮੰਗਦੀਆਂ ਹਨ। ਸਗੋਂ, ਇਸ ਦੇ ਨਾਲ ਨਾਲ, ਆਪਣਾ ਸਦੀਵੀ ਅੰਮ੍ਰਿਤ-ਤੱਤ ਦੇਣ ਵਿਚ ਕੁਤਾਹੀ ਨਹੀਂ ਵਰਤਦੀਆਂ।

ਪੁਸਤਕਾਂ, ਮਨੁੱਖ ਨੂੰ ਆਨੰਦ ਤੇ ਸ਼ਾਂਤੀ ਦੇਂਦੀਆਂ ਹਨ। ਪੁਸਤਕ-ਪ੍ਰੇਮੀ, ਸਭ ਤੋਂ ਵੱਧ ਸੁਖੀ ਹੁੰਦਾ ਹੈ। ਉਹ ਕਦੇ ਵੀ ਜੀਵਨ ਵਿਚ ਖ਼ਾਲੀਪਨ ਮਹਿਸੂਸ ਨਹੀਂ ਕਰਦਾ। ਸੋ, ਪੁਸਤਕਾਂ ਉਪਰ ਪੂਰਾ ਭਰੋਸਾ ਕੀਤਾ ਜਾ ਸਕਦਾ ਹੈ।

ਵਿਚਾਰਾਂ ਦੀ ਜੰਗ ਵਿਚ, ਪੁਸਤਕਾਂ ਹੀ ਹਥਿਆਰ ਬਣਦੀਆਂ ਹਨ। ਪੁਸਤਕਾਂ ਵਿਚ ਸਮੋਏ ਹੋਏ ਵਿਚਾਰ, ਪੂਰੇ ਸਮਾਜ ਨੂੰ ਰੂਪਾਂਤਰਿਤ ਕਰਨ ਦੀ ਸਮੱਰਥਾ ਰੱਖਦੇ ਹਨ। ਅੱਜ ਦਾ ਸੰਸਾਰ, ਵਿਚਾਰਾਂ ਦਾ ਸੰਸਾਰ ਹੈ। ਸਮਾਜ ਵਿਚ ਜਦੋਂ ਵੀ ਕੋਈ ਪਰਿਵਰਤਨ ਵਾਪਰਦਾ ਜਾਂ ਕ੍ਰਾਂਤੀ ਆਉਂਦੀ ਹੈ, ਉਸ ਦੇ ਮੂਲ ਵਿਚ ਕੋਈ ਨਾ ਕੋਈ ਵਿਚਾਰਧਾਰਾ ਜ਼ਰੂਰ ਹੁੰਦੀ ਹੈ। ਵਧੀਆਂ ਪੁਸਤਕਾਂ, ਸਮਾਜ ਵਿਚ ਨਵ-ਚੇਤਨਾ ਦਾ ਸੰਚਾਰ ਕਰਦੀਆਂ ਹਨ ਅਤੇ ਸਮਾਜ ਵਿਚ ਜਨ-ਜਾਗ੍ਰਤੀ ਲਿਆਉਣ ਵਿਚ ਆਪਣੀ ਮਹੱਤਵਪੂਰਨ ਭੂਮਿਕਾ



Downloaded From: http://www.dhyeyaias.com

Downloaded From: http://www.dhyeyaias.com

ਅਦਾ ਕਰਦੀਆਂ ਹਨ। ਪੁਸਤਕਾਂ ਪੜ੍ਹਣ ਨਾਲ, ਮਨੁੱਖ ਦਾ ਦ੍ਰਿਸ਼ਟੀ-ਪਰਿਪੇਖ ਵਿਆਪਕ ਹੋ ਜਾਂਦਾ ਹੈ ਅਤੇ ਉਸ ਅੰਦਰ, ਉਦਾੱਤ-ਭਾਵਨਾ ਘਰ ਕਰ ਜਾਂਦੀ ਹੈ।

ਪੁਸਤਕਾਂ ਅਜਿਹਾ ਸਦੀਵੀ ਖ਼ਜ਼ਾਨਾ ਹੁੰਦੀਆਂ ਹਨ, ਜੋ ਪਿਛਲੀ ਪੀੜ੍ਹੀ ਦੇ, ਮੁਸ਼ਕਿਲ ਨਾਲ ਗ੍ਰਹਿਣ ਕੀਤੇ ਅਨੁਭਵਾਂ ਨੂੰ, ਸਹੀ ਤਰੀਕੇ ਨਾਲ, ਅਗਲੀ ਪੀੜ੍ਹੀ ਤੱਕ ਪੁੱਜਦਾ ਕਰਦੀਆਂ ਹਨ। ਪੁਸਤਕਾਂ ਵਿਚ ਸਮੋਏ ਹੋਏ ਗਿਆਨ ਨੂੰ, ਕੋਈ ਵੀ ਤਬਾਹ ਨਹੀਂ ਕਰ ਸਕਦਾ। ਸੰਖੇਪ ਵਿਚ, ਪੁਸਤਕਾਂ ਦਾ ਵਿਸ਼ਾਲ ਤੇ ਬੇਜੋੜ ਮਹੱਤਵ ਹੁੰਦਾ ਹੈ।

*(a)* ਪੁਸਤਕਾਂ ਦਾ ਵਿਸ਼ਾਲ ਤੇ ਬੇਜੋੜ ਮਹੱਤਵ ਕਿਉਂ ਹੁੰਦਾ ਹੈ?

*(b)* ''ਮਨੋਰੰਜਨ ਦਾ ਡੂੰਘਾ ਅਰਥ ਹੁੰਦਾ ਹੈ'', ਕਥਨ ਤੋਂ ਲੇਖਕ ਦਾ ਕੀ ਭਾਵ ਹੈ?

*(c)* ਪੁਸਤਕਾਂ, ਸਾਡੀਆਂ ਸੱਚੀਆਂ ਮਾਰਗ-ਦਰਸ਼ਕ ਕਿਉਂ ਹਨ?

*(d)* ਗਾਂਧੀ ਜੀ 'ਗੀਤਾ' ਨੂੰ ਮਾਂ ਕਿਉਂ ਕਹਿੰਦੇ ਸਨ?

*(e)* ਪੁਸਤਕਾਂ, ਸਮਾਜ ਵਿਚ ਨਵ-ਚੇਤਨਾ ਦਾ ਸੰਚਾਰ ਕਿਵੇਂ ਕਰਦੀਆਂ ਹਨ?

**3.** ਹੇਠ ਲਿਖੇ ਵਾਰਤਕ-ਅੰਸ਼ ਦਾ ਸੰਖੇਪ-ਸਾਰ, ਆਪਣੇ ਸ਼ਬਦਾਂ ਵਿਚ, ਇਕ ਤਿਹਾਈ ਸ਼ਬਦਾਂ ਵਿਚ ਲਿਖੋ। ਸਿਰਲੇਖ ਸੁਝਾਉਣਾ ਜ਼ਰੂਰੀ ਨਹੀਂ : 60

ਸਖ਼ਤ ਮਿਹਨਤ, ਸੰਸਾਰ, ਵਿਚ ਸਫ਼ਲਤਾ ਹਾਸਿਲ ਕਰਨ ਦਾ ਇਕ ਮਹੱਤਵਪੂਰਨ ਸਾਧਨ ਹੈ। ਸਖ਼ਤ ਮਿਹਨਤ ਕਰਕੇ ਹੀ, ਅਸੀਂ ਅਕਾਂਖਿਆਵਾਂ ਨੂੰ ਪੂਰਾ ਕਰ ਸਕਦੇ ਹਾਂ। ਸੰਸਾਰ, ਕਰਮ-ਖੇਤਰ ਹੈ ਅਤੇ ਕਰਮ ਕਰਨਾ ਹੀ, ਸਾਡਾ ਸਭ ਦਾ ਧਰਮ ਹੈ। ਸਖ਼ਤ ਮਿਹਨਤ ਨਾਲ ਹੀ, ਅਸੀਂ ਸਫ਼ਲਤਾ ਹਾਸਿਲ ਕਰ ਸਕਦੇ ਹਾਂ।

ਸਖ਼ਤ ਮਿਹਨਤ, ਜੀਵਨ ਨੂੰ ਗਤੀ ਪ੍ਰਦਾਨ ਕਰਦੀ ਹੈ। ਜੇਕਰ ਅਸੀਂ ਮਿਹਨਤ ਤੋਂ ਕੰਨੀਂ ਕਤਰਾਉਂਦੇ ਹਾਂ ਤਾਂ ਸਾਡੇ ਜੀਵਨ ਦੀ ਗਤੀ ਰੁੱਕ ਜਾਂਦੀ ਹੈ। ਆਲਸ ਸਾਨੂੰ ਇੰਝ ਘੇਰ ਲੈਂਦਾ ਹੈ ਕਿ ਉਸ ਦੇ ਘੇਰੇ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਜਦੋਂ ਕਿ ਮਿਹਨਤੀ ਇਨਸਾਨ, ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਨਾਲ ਜੂਝਦਾ ਹੋਇਆ, ਅਗੇ ਵੱਧਦਾ ਹੈ ਅਤੇ ਬਹੁਪੱਖੀ ਸਫ਼ਲਤਾ ਹਾਸਿਲ ਕਰਦਾ ਹੈ। ਉਹ ਭਾਗਾਂ ਦਾ ਸਹਾਰਾ ਨਹੀਂ ਲੈਂਦਾ, ਸਗੋਂ ਨਿਰੰਤਰ ਪੁਰਸ਼ਾਰਥ ਵਿਚ ਲੀਨ ਰਹਿੰਦਾ ਹੈ। ਕਠੋਰ ਯਤਨ ਕਰਨ 'ਤੇ ਵੀ, ਜੇਕਰ ਮਿਹਨਤੀ ਇਨਸਾਨ ਨੂੰ ਸਫ਼ਲਤਾ ਨਹੀਂ ਮਿਲਦੀ, ਤਾਂ ਵੀ ਉਹ ਨਿਰਾਸ਼ ਨਹੀਂ ਹੁੰਦਾ। ਉਹ ਆਪਣੀ ਅਸਫ਼ਲਤਾ ਦੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਭਾਵ, ਉਹ ਆਪਣੀਆਂ ਕਮੀਆਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ, ਤਾਂ ਜੋ ਸਫ਼ਲਤਾ, ਉਸ ਦੇ ਕਦਮ ਚੁੰਮ ਸਕੇ।

ਇਸ ਸੰਸਾਰ ਵਿਚ, ਸਾਨੂੰ ਹਰ ਕਦਮ 'ਤੇ ਸੰਘਰਸ਼ ਕਰਕੇ, ਆਪਣਾ ਰਸਤਾ, ਆਪ ਬਣਾਉਣਾ ਪੈਂਦਾ ਹੈ। ਅਸੀਂ ਕਿੰਨੇ ਵੀ ਸ਼ਕਤੀਸ਼ਾਲੀ ਅਤੇ ਸਾਧਨ ਸੰਪੰਨ ਕਿਉਂ ਨਾ ਹੋਈਏ, ਜੇਕਰ ਅਸੀਂ ਮਿਹਨਤ ਤੋਂ ਬਚਦੇ ਹਾਂ ਤਾਂ ਨਿਰੋਲ ਸਾਧਨ ਸੰਪੰਨਤਾ, ਸਾਨੂੰ ਸਫ਼ਲਤਾ ਦੀ ਤਰਫ਼ ਨਹੀਂ ਲਿਜਾ ਸਕਦੀ। ਸੰਸਾਰ ਵਿਚ ਜਿੰਨੇ ਵੀ ਮਹਾਂਪੁਰਖ ਹੋਏ ਹਨ, ਉਨ੍ਹਾਂ ਦੀ ਸਫ਼ਲਤਾ ਦੇ ਮੂਲ ਵਿਚ, ਕੰਮ ਦੀ ਸ਼ਕਤੀ ਅਤੇ ਤਾਕਤ ਦਾ ਵੱਡਾ ਯੋਗਦਾਨ ਰਿਹਾ ਹੈ।

ਸਾਡੇ ਸਮਾਜ ਵਿਚ ਬਹੁਤ ਸਾਰੇ ਲੋਕ, ਭਾਗਾਂ ਵਿਚ ਵਿਸ਼ਵਾਸ ਰੱਖਣ ਵਾਲੇ ਜਾਂ ਨਿਸ਼ਚੇਵਾਦੀ ਹਨ। ਇਹੋ ਜਿਹੇ ਇਨਸਾਨ, ਸਮਾਜ ਦੀ ਤੱਰਕੀ ਦੇ ਰਾਹ ਵਿਚ ਰੁਕਾਵਟ ਹਨ। ਅੱਜ ਤੱਕ ਕਿਸੇ ਵੀ ਹੋਣੀ ਜਾਂ ਭਾਗਾਂ ਵਿਚ ਵਿਸ਼ਵਾਸ ਰੱਖਣ ਵਾਲੇ ਇਨਸਾਨ ਨੇ, ਕਦੇ ਵੀ, ਇਸ ਸੰਸਾਰ ਵਿਚ ਕੋਈ ਮਹਾਨ ਕੰਮ ਨਹੀਂ ਕੀਤਾ। ਸਾਰੀਆਂ ਵੱਡੀਆਂ ਵੱਡੀਆਂ ਖੋਜਾਂ, ਅਵਿਸ਼ਕਾਰ ਅਤੇ ਸਿਰਜਣਾਵਾਂ, ਮਿਹਨਤ ਦੇ ਨਾਲ ਹੀ ਸੰਭਵ ਹੋ ਸਕੀਆਂ ਹਨ। ਸਾਡੇ ਸਾਧਨ ਅਤੇ ਪ੍ਰਤਿਭਾ, ਸਾਨੂੰ ਸਿਰਫ਼ ਪ੍ਰੇਰਿਤ ਕਰਦੇ ਹਨ ਅਤੇ ਸਾਡਾ ਮਾਰਗ-ਦਰਸ਼ਨ ਕਰਦੇ ਹਨ, ਪਰ ਨਿਸ਼ਾਨੇ ਤੱਕ ਅਸੀਂ, ਸਖ਼ਤ ਮਿਹਨਤ ਦੇ ਨਾਲ ਹੀ ਪੁੱਜ ਸਕਦੇ ਹਾਂ।



Downloaded From: http://www.dhyeyaias.com

Downloaded From: http://www.dhyeyaias.com

ਸਖ਼ਤ ਮਿਹਨਤ ਨਾਲ ਸਾਨੂੰ ਪ੍ਰਸਿੱਧੀ ਅਤੇ ਖੁਸ਼ਹਾਲੀ, ਦੋਹਾਂ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਅਸੀਂ ਫ਼ਰਜ਼ਾਂ ਦਾ ਪਾਲਨ ਕਰਨ ਲਈ ਸਖ਼ਤ ਮਿਹਨਤ ਕਰਦੇ ਹਾਂ ਤਾਂ ਸਾਨੂੰ ਅੰਦਰੂਨੀ ਅਨੰਦ ਹਾਸਿਲ ਹੁੰਦਾ ਹੈ। ਸਾਡੇ ਅੰਦਰ ਦੇ ਸਾਰੇ ਪਾਪ-ਧੁੱਲ ਜਾਂਦੇ ਹਨ ਅਤੇ ਸਾਨੂੰ ਡੂੰਘੇ ਸੰਤੋਖ ਦਾ ਅਨੁਭਵ ਹੁੰਦਾ ਹੈ। ਮਿਹਨਤ ਕਰਨ ਵਾਲੇ ਇਨਸਾਨ ਲਈ, ਕੋਈ ਵੀ ਕਰਮ-ਕਾਂਡ ਮਹੱਤਵਪੂਰਨ ਨਹੀਂ ਹੁੰਦਾ। ਆਪਣੇ ਕਰਤਵਾਂ ਦਾ ਪਾਲਨ ਹੀ, ਉਸ ਦੀ ਸਾਧਨਾ ਹੁੰਦਾ ਹੈ। ਦਿਨ ਭਰ ਦੀ ਹੱਡ ਤੋੜਵੀਂ ਮਿਹਨਤ ਮਗਰੋਂ, ਜਦੋਂ ਕਿਸਾਨ, ਸ਼ਾਮ ਨੂੰ ਆਪਣੀ ਝੌਂਪੜੀ ਵਿਚ ਖੁਸ਼ੀ ਨਾਲ ਲੋਕ-ਗੀਤ ਗਾਉਂਦਾ ਹੈ ਤਾਂ ਉਸ ਦੀ ਆਵਾਜ਼, ਇਕ ਦੈਵੀ-ਸੰਗੀਤ ਪੈਦਾ ਕਰਦੀ ਹੈ।

ਸ਼ਰੀਰਕ ਮਿਹਨਤ ਨਾਲ, ਸੰਤੋਖ ਮਿਲਦਾ ਹੈ ਅਤੇ ਸ਼ਰੀਰ ਵੀ ਤੰਦਰੁਸਤ ਰਹਿੰਦਾ ਹੈ। ਅੱਜ ਕੱਲ੍ਹ ਸ਼ਰੀਰਕ-ਮਿਹਨਤ ਦੀ ਅਣਹੋਂਦ ਕਾਰਨ, ਮਨੁੱਖ ਅਨੇਕਾਂ ਬੀਮਾਰੀਆਂ ਵਿਚ ਘਿਰਿਆਂ ਹੋਇਆ ਹੈ। ਸ਼ਰੀਰਕ ਮਿਹਨਤ, ਹਰੇਕ ਇਨਸਾਨ ਲਈ ਮਹੱਤਵਪੂਰਨ ਹੈ। ਕਹਿਣ ਦੀ ਲੋੜ ਨਹੀਂ ਕਿ ਸ਼ਰੀਰਕ-ਮਿਹਨਤ ਕਰਨ ਵਾਲੇ ਲੋਕ, ਲੰਮੀ ਉਮਰ ਦੇ ਹੁੰਦੇ ਹਨ। ਇਹ ਕਹਾਵਤ ਹੈ ਕਿ ''ਤੰਦਰੁਸਤ ਸ਼ਰੀਰ ਵਿਚ ਹੀ, ਤੰਦਰੁਸਤ ਮਨ ਰਹਿੰਦਾ ਹੈ।'' ਇਕ ਤੰਦਰੁਸਤ ਇਨਸਾਨ, ਗੰਭੀਰ ਗੱਲਾਂ ਨੂੰ ਵੀ ਸਹਿਜ ਨਾਲ ਲੈਂਦਾ ਹੈ। ਉਹ ਮੁਸ਼ਕਿਲ ਹਾਲਤਾਂ ਵਿਚ ਵੀ ਘਬਰਾਉਂਦਾ ਨਹੀਂ, ਸਗੋਂ ਉਨ੍ਹਾਂ ਦਾ ਹੌਂਸਲੇ ਨਾਲ ਟਾਕਰਾ ਕਰਦਾ ਹੈ। ਉਸ ਨੂੰ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਂਦਾ ਹੈ। ਮਾਨਸਿਕ-ਮਿਹਨਤ ਦੇ ਮਹੱਤਵ ਨੂੰ ਸਮਝਦਿਆਂ ਹੀ, ਸਾਡੇ ਰਿਸ਼ੀ-ਮੁਨੀ, ਚਿੰਤਨ ਵਿਚ ਲੀਨ ਰਹਿੰਦੇ ਸਨ ਅਤੇ ਜਨ-ਹਿੱਤ ਲਈ ਸਾਧਨਾ ਕਰਦੇ ਸਨ।

ਮਿਹਨਤ ਦਾ ਇਕ ਹੋਰ ਵਿਸ਼ੇਸ਼ ਅਰਥ ਵੀ ਹੈ। ਇਸ ਅਨੁਸਾਰ, ਮਿਹਨਤ ਉਤਪਾਦਕ ਵੀ ਹੈ ਅਤੇ ਅਣਉਤਪਾਦਕ ਵੀ। ਕਿਸਾਨ, ਖੇਤਾਂ ਵਿਚ ਸਖ਼ਤ ਮਿਹਨਤ ਕਰਦਾ ਹੈ, ਜੋ ਉਤਪਾਦਕ-ਕਿਰਤ ਦੀ ਸ਼੍ਰੇਣੀ ਵਿਚ ਆਵੇਗਾ। ਖੇਡਾਂ ਅਤੇ ਵਰਜਿਸ਼ ਲਈ ਕੀਤੀ ਗਈ ਮਿਹਨਤ ਨੂੰ, ਅਣ-ਉਤਪਾਦਕ ਕਿਹਾ ਜਾਵੇਗਾ। ਪਰ, ਇਸ ਦੇ ਬਾਵਜੂਦ ਵੀ, ਇਸ ਮਿਹਨਤ ਦਾ ਆਪਣਾ ਮਹੱਤਵ ਹੈ। ਗਾਂਧੀ ਜੀ ਦਾ ਕਹਿਣਾ ਸੀ ਕਿ ਜੇਕਰ ਮਿਹਨਤ ਹੀ ਕਰਨੀ ਹੈ, ਤਾਂ ਉਤਪਾਦਕ-ਕਿਰਤ ਹੀ ਕਿਉਂ ਨਾ ਕੀਤੀ ਜਾਵੇ। ਇਸ ਤਰ੍ਹਾਂ, ਗਾਂਧੀ ਜੀ, ਹਰ ਪ੍ਰਕਾਰ ਦੀ ਕਿਰਤ ਵਿਚ ਅਨੰਦ ਮਹਿਸੂਸ ਕਰਦੇ ਸਨ। ਸਿਰਫ਼ ਉਹ ਦੇਸ਼ ਹੀ ਤਰੱਕੀ ਕਰਦੇ ਹਨ, ਜਿਨ੍ਹਾਂ ਦੇ ਵਸਨੀਕ, ਮਿਹਨਤੀ ਹੁੰਦੇ ਹਨ। ਜਾਪਾਨ ਅਤੇ ਜਰਮਨੀ ਨੇ ਵਿਸ਼ਵ ਯੁੱਧ ਦੀ ਭਿਆਨਕਤਾ ਨੂੰ ਝਲਣ ਤੋਂ ਬਾਅਦ ਵੀ, ਆਪਣਾ ਪੁਨਰ-ਨਿਰਮਾਣ ਕਰ ਲਿਆ ਹੈ। ਇਸ ਦਾ ਕਾਰਨ, ਉਥੋਂ ਦੀ ਜਨਤਾ ਦੀ ਮਿਹਨਤ ਹੀ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਿਹਨਤ ਹੀ, ਜੀਵਨ ਦਾ ਮੁੱਖ ਅਤੇ ਸਿਰਜਣਾ ਦੀ ਬੁਨਿਆਦ ਹੈ।

(682 ਸ਼ਬਦ)

**4.** ਹੇਠ ਲਿਖੇ ਗੱਦ ਟੋਟੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ : 20

ਉੱਘੇ ਸੁਤੰਤਰਤਾ ਸੈਨਾਨੀ ਰਾਜਸ਼੍ਰੀ ਪਰਸ਼ੋਤਮ ਦਾਸ ਟੰਡਨ ਨੇ, 1919 ਵਿਚ ਅਲਹਾਬਾਦ ਨਗਰਪਾਲਿਕਾ ਦੇ ਚੇਅਰਮੈਨ ਦਾ ਕਾਰਜਭਾਰ ਸੰਭਾਲਿਆ ਸੀ। ਇਹ ਉਨ੍ਹਾਂ ਲਈ, ਕਠਿਨ ਪ੍ਰੀਖਿਆ ਸੀ। ਕਿਉਂਕਿ, ਭਾਵੇਂ ਉਹ ਨਗਰਪਾਲਿਕਾ ਦੇ ਚੇਅਰਮੈਨ ਸਨ, ਲੇਕਿਨ ਅੰਗਰੇਜ਼ਾਂ ਦਾ ਇੰਨਾ ਰੁਹਬ ਤੇ ਦਬਦਬਾ ਸੀ ਕਿ ਆਮ ਭਾਰਤੀ ਲਈ, ਉਨ੍ਹਾਂ ਦੇ ਨਾਲ ਕੰਮ ਕਰਨਾ ਮੁਸ਼ਕਿਲ ਹੁੰਦਾ ਸੀ। ਕਾਰਜਭਾਰ ਸੰਭਾਲਦਿਆਂ ਸਾਰ, ਟੰਡਨ ਜੀ ਨੇ ਵੇਖਿਆਂ ਕਿ ਫ਼ੌਜੀ ਛਾਉਣੀ ਵਾਲੇ, ਪਾਣੀ ਦੀ ਵਰਤੋਂ ਤਾਂ ਕਰਦੇ ਹਨ, ਪਰ ਕੋਈ ਟੈਕਸ ਅਦਾ ਨਹੀਂ ਕਰਦੇ। ਉਨ੍ਹਾਂ ਨੇ ਫ਼ੌਜੀ ਛਾਉਣੀ ਦੇ ਅਧਿਕਾਰੀ ਨੂੰ ਇਹ ਨੋਟਿਸ ਭੇਜਿਆ ਕਿ ਜੇਕਰ ਇਕ ਮਹੀਨੇ ਦੇ ਅੰਦਰ ਅੰਦਰ, ਟੈਕਸ ਅਦਾ ਨਾ ਕੀਤਾ ਗਿਆ, ਤਾਂ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ।

ਇਸ ਨੋਟਿਸ ਨਾਲ ਫ਼ੌਜੀ ਛਾਉਣੀ, ਸਾਰੇ ਸ਼ਹਿਰ ਅਤੇ ਨਗਰਪਾਲਿਕਾ ਵਿਚ ਤਹਿਲਕਾ ਮੱਚ ਗਿਆ। ਸਥਾਨਕ ਅਖ਼ਬਾਰਾਂ ਨੇ ਸ਼੍ਰੀ ਟੰਡਨ ਜੀ ਦੇ ਇਸ ਹੁਕਮ ਨੂੰ ਪ੍ਰਮੁੱਖਤਾ ਨਾਲ ਛਾਪਿਆ। ਛਾਉਣੀ ਦੇ ਪਾਣੀ ਦਾ ਕਨੈਕਸ਼ਨ ਕੱਟਣ ਬਾਰੇ ਦਿੱਤੇ ਗਏ ਨੋਟਿਸ ਦੇ ਆਖ਼ਰੀ ਦਿਨ, ਕਈ ਫ਼ੌਜੀ ਅਧਿਕਾਰੀ, ਮਿਉਂਸਿਪਲ ਬੋਰਡ ਦੇ ਦਫ਼ਤਰ ਪੁੱਜੇ। ਉਨ੍ਹਾਂ ਵਿਚੋਂ ਇਕ ਸੀਨੀਅਰ ਅਧਿਕਾਰੀ ਨੇ ਟੰਡਨ ਜੀ ਨੂੰ ਕਿਹਾ ਕਿ ਤੁਸੀਂ ਛਾਉਣੀ ਦਾ ਪਾਣੀ ਬੰਦ ਨਹੀਂ ਕਰ ਸਕਦੇ। ਟੰਡਨ ਜੀ ਨੇ ਬੜੇ ਸ਼ਾਂਤ ਸੁਭਾਅ ਨਾਲ ਉੱਤਰ ਦਿੱਤਾ ਕਿ ਜੇਕਰ ਅੱਜ ਟੈਕਸ ਜਮਾਂ ਨਾ ਹੋਇਆ ਤਾਂ ਕੱਲ੍ਹ ਨੂੰ ਪਾਣੀ ਦਾ ਕਨੈਕਸ਼ਨ ਕੱਟ ਦਿੱਤਾ ਜਾਵੇਗਾ।



Downloaded From: http://www.dhyeyaias.com

Downloaded From: http://www.dhyeyaias.com

ਅਧਿਕਾਰੀ ਗੁੱਸੇ ਨਾਲ ਚੀਕਿਆ, ਪਰ ਟੰਡਨ ਜੀ ਆਪਣੇ ਦ੍ਰਿੜ ਇਰਾਦੇ 'ਤੇ ਟਿਕੇ ਰਹੇ। ਆਖ਼ਰ, ਫ਼ੌਜੀ ਆਫ਼ਿਸਰ, ਉੱਥੋਂ ਚਲੇ ਗਏ। ਸਾਰੇ ਦਫ਼ਤਰ ਵਿਚ ਸਨਸਨੀ ਫ਼ੈਲ ਗਈ। ਟੰਡਨ ਜੀ ਦੇ ਧੀਰਜ ਅਤੇ ਦ੍ਰਿੜਤਾ ਨੂੰ ਵੇਖ ਕੇ, ਸਾਰੇ ਪ੍ਰਸ਼ੰਸਕ ਸਨ।

ਅਗਲੇ ਦਿਨ ਛਾਉਣੀ ਦੇ ਅੰਗਰੇਜ਼ ਫ਼ੌਜੀ ਅਧਿਕਾਰੀਆਂ ਨੇ, ਟੈੱਕਸ ਜਮ੍ਹਾਂ ਕਰਵਾ ਦਿੱਤਾ।

**5.** ਹੇਠ ਲਿਖੇ ਗੱਦ ਟੋਟੇ ਦਾ ਪੰਜਾਬੀ ਵਿਚ ਅਨੁਵਾਦ ਕਰੋ : 20

In ancient times in most civilized countries, for example in Egypt, Iraq, India, China and in the Roman Empire, many great irrigation works were constructed. In very hot countries, water is even carried in underground channels to prevent it from being evaporated by the sun's heat. In modern times, great dams have been built across rivers and these are used for more than one purpose, hence they are called multipurpose undertakings. Firstly, such dams help to prevent floods, by controlling the amount of water which rushes down a river in the rainy season. This also prevents an enormous amount of damage and loss to farmers. Secondly, by storing up great quantities of water in the artificial lakes behind the dams, irrigation can be provided for many acres of land in the dry season, so that crops can be grown where none would have grown before. Thirdly, the people in the towns and cities in the neighbourhood can be certain of getting a sufficient supply of water for drinking and other purposes, even in the driest weather. Fourthly, the water stored up behind the dams is made to generate electric power by letting it run through turbines.

**6.** *(a)* ਹੇਠ ਲਿਖੇ ਸ਼ਬਦ-ਜੋੜ ਠੀਕ ਕਰਕੇ ਲਿਖੋ : 1×10=10

*(i)* ਅਮਰਤਸਰ

*(ii)* ਮੈਹਰ

*(iii)* ਪਰੀਵਰਤਨ

*(iv)* ਅਜੇਹੀ

*(v)* ਬਣੋਣਾ



Downloaded From: http://www.dhyeyaias.com

Downloaded From: http://www.dhyeyaias.com

(vi) ਸੇਹਤ

(vii) ਮੁਰਤ

(viii) ਮਜ਼ਬੂਰ

(ix) ਵਿਪਤਾ

(x) ਦਮਾਗ਼

(b) ਹੇਠ ਲਿਖੇ ਅਖਣਾਂ-ਮੁਹਾਵਰਿਆਂ ਦੇ ਅਰਥ ਦੱਸਕੇ, ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : 2×5=10

(i) ਉੱਲੂ ਬਣਾਉਣਾ

(ii) ਇੱਟ ਕੁੱਤੇ ਦਾ ਵੈਰ ਹੋਣਾ

(iii) ਈਦ ਪਿਛੋਂ ਤੰਬਾ ਫੂਕਣਾ ਏ?

(iv) ਹੰਕਾਰਿਆ ਸੋ ਮਾਰਿਆ

(v) ਹਿੱਕ 'ਤੇ ਸੱਪ ਲੇਟਣਾ

(c) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ, ਸ਼ਬਦ ਬਣਾਉ : 1×10=10

(i) ਸ਼ਾਲਾ

(ii) ਆਰੀ

(iii) ਉਪ

(iv) ਨਿਰ

(v) ਈਲਾ

(vi) ਪੁਨਰ

(vii) ਵਾਨ

(viii) ਤਾਈ

(ix) ਮਾਨ

(x) ਖਾਨਾ



Downloaded From: http://www.dhyeyaias.com

Downloaded From: http://www.dhyeyaias.com

*(d)* ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇਕ ਇਕ ਸ਼ਬਦ ਦੀ ਵਰਤੋਂ ਕਰੋ : 1×10=10

*(i)* ਦੂਜੇ ਲੋਕਾਂ ਦਾ ਭਲਾ ਕਰਨ ਵਾਲਾ

*(ii)* ਜੋ ਪੜ੍ਹਿਆਂ ਨਾ ਹੋਵੇ

*(iii)* ਆਪਣੇ ਆਪ ਨੂੰ ਮਾਰਨਾ

*(iv)* ਸੁੰਦਰ ਸ਼ਕਲ ਵਾਲਾ

*(v)* ਪਤੀ ਦੀ ਦੂਜੀ ਤੀਵੀਂ

*(vi)* ਉਹ ਮਨੁੱਖ, ਜੋ ਮਾਸ ਨਹੀਂ ਖਾਂਦੇ

*(vii)* ਜਿਸ ਵਿਚ ਕੋਈ ਗੁਣ ਨਾ ਹੋਵੇ

*(viii)* ਚਾਰ ਮੂੰਹ ਵਾਲਾ

*(ix)* ਜਿਹੜਾ ਦੇਸ਼ ਨਾਲ ਗੱਦਾਰੀ ਕਰੇ

*(x)* ਜਿਹੜਾ ਰੱਬ ਨੂੰ ਮੰਨਦਾ ਹੋਵੇ

★★★



Downloaded From: http://www.dhyeyaias.com